# ਦਫ਼ਤਰ, ਰਿਵਾਈਜ਼ਿੰਗ ਅਥਾਰਟੀ ਅਫ਼ਸਰ,

ਬਠਿੰਡਾ ਬੋਰਡ ਚੋਣ ਹਲਕਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ -ਕਮ-ਉਪ ਮੰਡਲ ਮੈਜਿਸਟਰੇਟ, ਬਠਿੰਡਾ।
ਕਮਰਾ ਨੰ: 302-ਬੀ ਦੂਜੀ ਮੰਜਲ ਮਿੰਨੀ ਸਕੱਤਰੇਤ, ਬਠਿੰਡਾ।

ਫੋਨ ਨੰ: 0164-2212525 Email:ero92bathindaurban@gmail.com


ਵੱਲ

**ਅਤਿ-ਜਰੂਰੀ**

01. ਸਮੂਹ ਸੁਪਰਵਾਈਜ਼ਰ, 092 ਬਠਿੰਡਾ (ਸ਼ਹਿਰੀ)
02. ਸੁਪਰਵਾਈਜ਼ਰ ਨੰ:10,11,13,14, 093(ਬਠਿੰਡਾ ਦਿਹਾਤੀ) (ਰਾਹੀਂ ਈ.ਆਰ.ਓ., 093 ਦਿਹਾਤੀ)
03. ਸੁਪਰਵਾਈਜ਼ਰ ਨੰ:10,12,13,14,15,16,17, 091 (ਭੁੱਚੋ ਮੰਡੀ) (ਰਾਹੀਂ ਈ.ਆਰ.ਓ, 091 ਭੁੱਚੋ)

ਪੱਤਰ ਨੰ: 294-296 /2024 ਚੋਣਾਂ ਮਿਤੀ:-08-08-2024

**ਵਿਸ਼ਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਲਈ ਕੈਂਪ ਲਗਾਉਣ ਸਬੰਧੀ।**

ਉਪਰੋਕਤ ਵਿਸ਼ੇ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਣਯੋਗ ਕਮਿਸ਼ਨ, ਗੁਰਦੁਆਰਾ ਚੋਣਾਂ, ਚੰਡੀਗੜ੍ਹ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਰਾ ਦੇ ਫਾਰਮ ਪ੍ਰਾਪਤ ਕਰਨ ਦੀ ਮਿਤੀ 31/07/2024 ਤੋਂ ਵਧਾ ਕੇ 16/09/2024 ਕਰ ਦਿੱਤੀ ਗਈ ਹੈ। ਇਸ ਸਬੰਧੀ ਮਾਣਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਅੱਜ ਮਿਤੀ:08-08-2024 ਨੂੰ ਬਾਅਦ ਦੁਪਹਿਰ ਹੋਈ ਵੀਡੀਓ ਕਾਨੰਫਰਸ ਰਾਹੀਂ ਨਿਮਨ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ:-

1) ਐਸ.ਜੀ.ਪੀ.ਸੀ ਵੋਟਰ ਸੂਚੀਆਂ ਦੇ ਫਾਰਮ ਪ੍ਰਾਪਤ ਕਰਨ ਦੇ ਕੰਮ ਵਿੱਚ ਤੇਜੀ ਲਿਆਉਣ ਲਈ ਮਿਤੀ **09/08/2024** ਅਤੇ **10/08/2024** ਨੂੰ ਸਵੇਰੇ **9:00 ਤੋਂ 4:00** ਵਜੇ ਤੱਕ ਨਗਰ ਨਿਗਮ ਬਠਿੰਡਾ ਅਤੇ ਆਪ ਦੇ ਅਧੀਨ ਆਉਂਦੇ ਹਰੇਕ ਪਿੰਡ ਵਿੱਚ ਬੂਥ ਲੈਵਲ ਅਫਸਰਾਂ ਵੱਲੋਂ ਡੋਰ-ਟੂ-ਡੋਰ ਜਾ ਕੇ ਵੋਟਰਾਂ ਨੂੰ ਜਾਗਰੂਕ ਕਰਕੇ ਉਹਨਾਂ ਦੇ ਫਾਰਮ ਭਰਵਾਏ ਜਾਣ।
2) ਹਰੇਕ ਬੂਥ ਲੈਵਲ ਅਫਸਰ ਨੂੰ ਘੱਟੋ-ਘੱਟ 200 ਫਾਰਮ ਪ੍ਰਤੀ ਦਿਨ ਪ੍ਰਾਪਤ ਕਰਨ ਦਾ ਟੀਚਾ ਦਿੱਤਾ ਜਾਵੇ। ਬੀ.ਐੱਲ.ਓ ਫਾਰਮ ਪ੍ਰਾਪਤ ਕਰਨ ਉਪਰੰਤ ਇਹ ਫਾਰਮ ਹਲਕਾ ਪਟਵਾਰੀਆਂ ਨੂੰ ਸੌਂਪਣਗੇ ਅਤੇ ਹਲਕਾ ਪਟਵਾਰੀ ਸਾਰੇ ਫਾਰਮ ਮਿਤੀ 10/08/2024 ਨੂੰ ਸ਼ਾਮ 05:00 ਵਜੇ ਤੱਕ ਹਰ ਹਾਲਤ ਵਿੱਚ ਸਬੰਧਤ ਸੀ.ਆਰ.ਓ ਦਫਤਰ ਰਾਹੀਂ ਇਸ ਦਫਤਰ ਦੇ ਕਮਰਾ ਨੰ:316 ਵਿੱਖੇ ਜ਼ਮ੍ਹਾਂ ਕਰਵਾਉਣਾ ਯਕੀਨੀ ਬਣਾਉਣਗੇ।
3) ਡੋਰ-ਟੂ-ਡੋਰ ਕੈਂਪ ਦਾ ਮੁਸਤਰੀ ਮੁਨਾਦੀ ਰਾਹੀਂ ਪ੍ਰਚਾਰ ਕੀਤਾ ਜਾਵੇ। ਅੱਜ ਮਿਤੀ 08/08/2024 ਨੂੰ ਨਗਰ ਨਿਗਮ ਅਧੀਨ ਆਉਂਦੇ ਸਾਰੇ ਗੁਰੂਦੁਆਰਾ ਸਾਹਿਬ ਅਤੇ ਹਰੇਕ ਪਿੰਡ ਦੇ ਗੁਰੂਦੁਆਰਾ ਸਾਹਿਬ ਦੇ ਲਾਊਡ ਸਪੀਕਰਾਂ ਰਾਹੀਂ ਅਨਾਊਂਸਮੈਂਟ ਕਰਵਾਈ ਜਾਵੇ ਅਤੇ ਇਸ ਅਨਾਂਊਸਮੈਂਟ ਦੀ ਵੀਡੀਓ ਵਟਸਐਪ ਗਰੁੱਪ ਵਿੱਚ ਸ਼ੇਅਰ ਕੀਤੀ ਜਾਵੇ।
4) ਐਸ.ਜੀ.ਪੀ.ਸੀ. ਵੋਟਰ ਸੂਚੀਆਂ ਲਈ ਹੁਣ ਤੱਕ ਬਹੁਤ ਘੱਟ ਫਾਰਮ ਪ੍ਰਾਪਤ ਹੋਏ ਹਨ,ਇਸ ਲਈ ਆਪ ਅਧੀਨ ਕੰਮ ਕਰ ਰਹੇ ਪਟਵਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਇਸ ਕੰਮ ਵਿੱਚ ਤੇਜ਼ੀ ਲਿਆਉਣ ਲਈ ਸਖਤ ਹਦਾਇਤ ਜਾਰੀ ਕੀਤੀ ਜਾਵੇ ਅਤੇ ਉਹਨਾਂ ਦੇ ਕੰਮ ਦੀ ਰੋਜ਼ਾਨਾ ਸਮੀਖਿਆ ਕੀਤੀ ਜਾਵੇ ਅਤੇ ਰਿਪੋਰਟ ਹੇਠ ਲਿਖੇ ਪ੍ਰੋਫਰਮੇ ਵਿੱਚ ਭਰ ਕੇ ਇਸ ਦਫਤਰ ਨੂੰ ਭੇਜੀ ਜਾਵੇ:-

| ਮਿਤੀ | ਕੁੱਲ ਪ੍ਰਾਪਤ ਕੀਤੇ ਫਾਰਮ | ਪੁਰਸ਼ | ਇਸਤਰੀ | ਵਿਸ਼ੇਸ਼ ਕਥਨ |
|---|---|---|---|---|
| 09/08/2024 | | | | |
| 10/08/2024 | | | | |

5) ਸਬੰਧਤ ਸੁਪਰਵਾਈਜਰ ਹਲਕਾ 93 ਅਤੇ 91 ਨੂੰ ਲਿਖਿਆ ਜਾਂਦਾ ਹੈ ਕਿ ਵਿਧਾਨ ਸਭਾ ਦੀਆਂ ਵੋਟਰਾਂ ਸੂਚੀਆਂ ਵਿਚੋਂ ਸਿੱਖ ਵੋਟਰਾਂ ਨੂੰ ਸ਼ਨਾਖਤ ਕਰਕੇ, ਉਨ੍ਹਾਂ ਦੇ ਘਰ ਘਰ ਜਾਕੇ ਬੀ.ਐਲ.ਓਜ਼ ਰਾਹੀਂ ਜਾਗਰੂਕ ਕੀਤਾ ਜਾਵੇ ਅਤੇ ਵੱਧ ਤੋਂ ਵੱਧ ਫਾਰਮ ਪ੍ਰਾਪਤ ਕੀਤੇ ਜਾਣ। ਪ੍ਰਾਪਤ ਕੀਤੇ ਗਏ ਫਾਰਮਾਂ ਦੀ ਰਿਪੋਰਟ ਪ੍ਰਾਪਤ ਕਰਨ ਲਈ ਆਪ ਨੂੰ ਗੂਗਲਸ਼ੀਟ ਸ਼ੇਅਰ ਕਰ ਦਿੱਤੀ ਜਾਵੇਗੀ।
6) ਸਮੂਹ ਸੁਪਰਵਾਈਜਰ 092 ਬਠਿੰਡਾ (ਸ਼ਹਿਰੀ) ਨੂੰ ਲਿਖਿਆ ਜਾਂਦਾ ਹੈਕਿ ਵਿਧਾਨ ਸਭਾ ਦੀਆਂ ਵੋਟਰਾਂ ਸੂਚੀਆਂ ਵਿਚੋਂ ਸਿੱਖ ਵੋਟਰਾਂ ਨੂੰ ਸ਼ਨਾਖਤ ਕਰਕੇ, ਉਨ੍ਹਾਂ ਦੇ ਘਰ ਘਰ ਜਾਕੇ ਬੀ.ਐਲ.ਓਜ਼ ਰਾਹੀਂ ਜਾਗਰੂਕ ਕੀਤਾ ਜਾਵੇ ਅਤੇ ਵੱਧ ਤੋਂ ਵੱਧ ਫਾਰਮ ਭਰਵਾਉਣ ਯਕੀਨੀ ਬਣਾਏ ਜਾਣ। ਡੋਰ ਟੂ ਡੋਰ ਕੈਂਪ ਦੀਆਂ ਫੋਟੋਆਂ ਨੂੰ ਵਾਟਸਐਪ ਗਰੁੱਪ ਵਿੱਚ ਸ਼ੇਅਰ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਹਨਾਂ ਫੋਟੋਆਂ ਨੂੰ ਅੱਗੇ ਮਾਣਯੋਗ ਜਿਲ੍ਹਾ ਚੋਣ ਅਫਸਰ, ਬਠਿੰਡਾ ਨੂੰ ਭੇਜਿਆ ਜਾ ਸਕੇ।

ਰਿਵਾਈਜ਼ਿੰਗ ਅਥਾਰਟੀ ਅਫ਼ਸਰ
33 ਬਠਿੰਡਾ ਬੋਰਡ ਚੋਣ ਹਲਕਾ,
ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਕ੍ਰਿਪਾ ਕਰਕੇ ਪੰਨਾ - 2

# ਦਫ਼ਤਰ, ਰਿਵਾਈਜ਼ਿੰਗ ਅਥਾਰਟੀ ਅਫ਼ਸਰ,

ਬਠਿੰਡਾ ਬੋਰਡ ਚੋਣ ਹਲਕਾ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ -ਕਮ-ਉਪ ਮੰਡਲ ਮੈਜਿਸਟਰੇਟ, ਬਠਿੰਡਾ।
ਕਮਰਾ ਨੰ: 302-ਬੀ ਦੂਜੀ ਮੰਜਲ ਮਿੰਨੀ ਸਕੱਤਰੇਤ, ਬਠਿੰਡਾ।

ਫ਼ੋਨ ਨੰ: 0164-2212525 Email:ero92bathindaurban@gmail.com

ਪਿੱਠ ਅੰਕਣ ਨੰ.297-302/sgpc ਮਿਤੀ :08/08/2024

ਉਪਰੋਕਤ ਦਾ ਇੱਕ ਉਤਾਰਾ :

1 ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।

2 ਚੋਣਕਾਰ ਰਜਿਸਟਰੇਸਨ ਅਫਸਰ ਵਿਧਾਨ ਸਭਾ ਹਲਕਾ (091-ਭੁੱਚੋ ਮੰਡੀ) ਅਤੇ (093 ਦਿਹਾਤੀ) **ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਸੁਪਰਵਾਈਜ਼ਰ ਅਤੇ ਬੀ.ਐਲ.ਓਜ਼ ਨੂੰ ਡੋਰ ਟੂ ਡੋਰ ਸਰਵੇਖਣ ਕਰਨ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ।**

3 ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਕੈਂਪ ਸਬੰਧੀ ਪ੍ਰੋਗਰਾਮਾਂ ਨੂੰ ਅਖਬਾਰਾਂ ਵਿੱਚ ਭੇਜ ਕੇ ਪ੍ਰਕਾਸ਼ਿਤ ਕੀਤਾ ਜਾਵੇ।

4 ਸੰਬੰਧਤ ਵਿਭਾਗ, ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.ਅਤੇ ਸੈ.ਸਿੱ.) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਅਨੁਸਾਰ ਦਰਸ਼ਾਏ ਗਏ ਬੀ.ਐਲ.ਓ. ਸਟਾਫ ਨੂੰ ਉਕਤ ਦਿਨਾਂ ਲਈ ਵਿਭਾਗੀ ਕੰਮ ਤੋਂ ਛੋਟ ਦਿੱਤੀ ਜਾਵੇ।

ਰਿਵਾਈਜ਼ਿੰਗ ਅਥਾਰਟੀ ਅਫ਼ਸਰ
33 ਬਠਿੰਡਾ ਬੋਰਡ ਚੋਣ ਹਲਕਾ,
ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2024/ 6070 ਮਿਤੀ: 09/08/24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ